# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

## 13:10

## ਮਿਤੀ :24-01-2026

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਏ ਕਿ ਕੇਂਦਰ ਸਰਕਾਰ, ਭਾਰਤ ਅਤੇ ਵਿਦੇਸ਼ਾਂ ਵਿੱਚ ਨੌਜਵਾਨਾਂ ਲਈ ਨਵੇਂ ਮੌਕੇ ਪੈਦਾ ਕਰਨ ਲਈ ਯਤਨਸ਼ੀਲ ਏ। ਪ੍ਰਧਾਨ ਮੰਤਰੀ ਨੇ ਅੱਜ ਨਵੀਂ ਦਿੱਲੀ ਵਿੱਚ ਵਰਚੁਅਲੀ ਤੌਰ 'ਤੇ 18ਵੇਂ ਰਾਸ਼ਟਰੀ ਰੋਜ਼ਗਾਰ ਮੇਲੇ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਨੌਕਰੀ ਮੇਲੇ, ਸੰਸਥਾਗਤ ਪ੍ਰਣਾਲੀ ਬਣ ਗਏ ਨੇ ਅਤੇ ਲੱਖਾਂ ਨੌਜਵਾਨਾਂ ਨੂੰ ਵੱਖ-ਵੱਖ ਸਰਕਾਰੀ ਵਿਭਾਗਾਂ ਤੋਂ ਨਿਯੁਕਤੀ ਪੱਤਰ ਪ੍ਰਾਪਤ ਹੋ ਰਹੇ ਨੇ। ਉਨ੍ਹਾਂ ਕਿਹਾ ਕਿ ...

Byte

ਰੋਜ਼ਗਾਰ ਮੇਲਾ ਪਹਿਲਕਦਮੀ ਦੇ ਹਿੱਸੇ ਵਜੋਂ ਸਰਕਾਰੀ ਵਿਭਾਗਾਂ ਤੇ ਵਪਾਰਕ ਅਦਾਰਿਆਂ ਵੱਲੋਂ ਭਰਤੀ ਕੀਤੇ ਗਏ 61,000 ਤੋਂ ਵੱਧ ਨੌਜਵਾਨਾਂ ਨੂੰ ਨਿਯੁਕਤੀ ਪੱਤਰ ਵੰਡੇ ਗਏ ਨੇ। 18ਵਾਂ ਰੋਜ਼ਗਾਰ ਮੇਲਾ ਦੇਸ਼ ਭਰ ਵਿੱਚ 45 ਥਾਵਾਂ 'ਤੇ ਕਰਵਾਇਆ ਗਿਆ। ਨਵੇਂ ਭਰਤੀ ਕੀਤੇ

ਗਏ ਸਾਰੇ ਨੌਜਵਾਨ, ਵੱਖ-ਵੱਖ ਮੰਤਰਾਲਿਆਂ ਤੇ ਵਿਭਾਗਾਂ ਵਿੱਚ ਅਹੁਦੇ ਸੰਭਾਲਣਗੇ।

---------------------------------------------------------------

ਪੰਜਾਬ ਦੇ ਜਲੰਧਰ ਤੇ ਚੰਡੀਗੜ੍ਹ ਵਿਚ ਵੀ ਰੋਜ਼ਗਾਰ ਮੇਲਾ ਕਰਵਾਇਆ ਗਿਆ । ਜਲੰਧਰ ਵਿੱਚ ਬੀ.ਐੱਸ. ਐੱਫ ਦੇ ਆਈ.ਜੀ ਡਾ. ਅਤੁਲ ਫੁਲਜ਼ੇਲੇ ਅਤੇ ਬੀ. ਐੱਸ. ਐੱਫ ਤੇ ਆਈ.ਟੀ.ਬੀ.ਪੀ ਦੇ ਹੋਰਨਾਂ ਅਧਿਕਾਰੀਆਂ ਨੇ 194 ਨਵ-ਨਿਯੁਕਤ ਨੌਜਵਾਨਾਂ ਨੂੰ ਨਿਯੁਕਤੀ ਪੱਤਰ ਤਕਸੀਮ ਕੀਤੇ । ਇਸ ਦੌਰਾਨ ਕੁੱਲ 651 ਨੌਜਵਾਨਾਂ ਨੂੰ ਨਿਯੁਕਤੀ ਪੱਤਰ ਦਿੱਤੇ ਗਏ ਨੇ, ਕੁਝ ਨੂੰ ਵਰਚੁਅਲ ਮਾਧਿਅਮ ਨਾਲ ਨਿਯੁਕਤੀ ਪੱਤਰ ਦਿੱਤੇ ਗਏ । ਇਨ੍ਹਾਂ ਵਿੱਚ ਬਹੁਤ ਸਾਰੀਆਂ ਮਹਿਲਾਵਾਂ ਵੀ ਨੇ, ਜਿਹੜੀਆਂ ਕਿ  ਬੀ.ਐੱਸ.ਐੱਫ, ਸੀ.ਆਰ.ਪੀ.ਐੱਫ, ਆਈ.ਟੀ.ਬੀ.ਪੀ, ਅਸਾਮ ਰਾਈਫਲਜ਼ ਸਮੇਤ ਕੇਂਦਰੀ ਹਥਿਆਰਬੰਦ ਪੁਲਿਸ ਬਲਾਂ ਵਿੱਚ ਸ਼ਾਮਲ ਹੋ ਰਹੀਆਂ ਨੇ। ਇਸ ਮੌਕੇ ਨਿਯੁਕਤੀ ਪੱਤਰ ਲੈਣ ਵਾਲੇ ਪੰਜਾਬ ਦੇ ਨੌਜਵਾਨਾਂ ਨੇ ਸਰਕਾਰ ਦਾ ਧੰਨਵਾਦ ਕੀਤਾ ਏ।

BYTE

---------------------------------------------------------------

ਪੰਜਾਬ ਪੁਲਿਸ ਨੇ ਕਿਹਾ ਏ ਕਿ ਉਸ ਨੇ ਬੀਤੀ ਸ਼ਾਮ ਅੰਮ੍ਰਿਤਸਰ ਅਤੇ ਹੁਸ਼ਿਆਰਪੁਰ ਵਿੱਚ ਪਾਬੰਦੀਸ਼ੁਦਾ ਜਥੇਬੰਦੀ, ਬੱਬਰ ਖਾਲਸਾ

ਇੰਟਰਨੈਸ਼ਨਲ (BKI) ਦੇ 5 ਕਾਰਕੁਨਾਂ ਨੂੰ ਗ੍ਰਿਫ਼ਤਾਰ ਕਰ ਕੇ ਦੋ ਦਹਿਸ਼ਤਗਰਦ ਮਾਡਿਊਲਾਂ ਦਾ ਪਰਦਾਫਾਸ਼ ਕੀਤਾ ਏ । ਪੁਲਿਸ ਨੇ ਪੰਜਾਬ ਵਿੱਚੋਂ ਹਥਿਆਰਾਂ ਅਤੇ ਗੋਲੀ ਸਿੱਕਾ ਅਤੇ RDX ਅਧਾਰਿਤ ਧਮਾਕਾਖੇਜ਼ ਸਮਗਰੀ ਦਾ ਜ਼ਖੀਰਾ ਵੀ ਜ਼ਬਤ ਕੀਤਾ ਏ। ਹੁਸ਼ਿਆਰਪੁਰ ਵਿੱਚ, ਪੁਲਿਸ ਨੇ BKI ਦੇ 4 ਕਾਰਕੁਨਾਂ ਨੂੰ ਗ੍ਰਿਫ਼ਤਾਰ ਕੀਤਾ ਏ ਅਤੇ ਉਨ੍ਹਾਂ ਕੋਲੋਂ ਲਗਭਗ ਢਾਈ ਕਿੱਲੋ ਵਜ਼ਨ ਵਾਲਾ ਆਰਡੀਐਕਸ-ਅਧਾਰਤ ਧਮਾਕਾਖੇਜ਼ ਯੰਤਰ ਅਤੇ ਦੋ ਪਿਸਤੌਲ ਬਰਾਮਦ ਕੀਤੇ ਨੇ। ਅੰਮ੍ਰਿਤਸਰ ਵਿੱਚ ਪੁਲਿਸ ਨੇ BKI ਦੇ ਇੱਕ ਕਾਰਕੁਨ ਨੂੰ ਗ੍ਰਿਫ਼ਤਾਰ ਕਰ ਕੇ ਇੱਕ ਸੁਰੱਖਿਆ ਅਦਾਰੇ 'ਤੇ ਸੰਭਾਵੀ ਹਮਲੇ ਨੂੰ ਟਾਲ ਦਿੱਤਾ ਏ ।  ਉਸ ਕੋਲੋਂ ਹੈਂਡ ਗ੍ਰਨੇਡ,  ਆਧੁਨਿਕ ਪਿਸਤੌਲ ਅਤੇ ਗੋਲੀ – ਸਿੱਕਾ ਬਰਾਮਦ ਕੀਤਾ ਗਿਆ ਏ। ਪੰਜਾਬ ਪੁਲਿਸ ਮੁਖੀ ਗੌਰਵ ਯਾਦਵ ਨੇ ਕਿਹਾ ਕਿ ਇਹ ਸਾਰੇ ਮੁਲਜ਼ਮ ਆਪਣੇ ਵਿਦੇਸ਼ੀ ਹੈਂਡਲਰਾਂ ਦੇ ਇਸ਼ਾਰੇ 'ਤੇ ਕੰਮ ਕਰ ਰਹੇ ਸਨ।

-----------------------------------------------------------

ਭਾਰਤੀ ਖੇਡ ਅਥਾਰਟੀ, ਕੱਲ੍ਹ ਅੰਮ੍ਰਿਤਸਰ ਦੀ ਅਟਾਰੀ ਸਰਹੱਦ 'ਤੇ Fit India Sundays on Cycle ਦੇ  58ਵੇਂ ਐਡੀਸ਼ਨ ਦਾ ਆਯੋਜਨ ਕਰ ਰਹੀ ਏ। Fit India Sundays on Cycle ਜੋ ਕਿ ਦੇਸ਼ ਵਿਆਪੀ ਫਿੱਟ ਇੰਡੀਆ ਅੰਦੋਲਨ ਦਾ ਹਿੱਸਾ ਏ, ਇਸ ਦੀ ਕਲਪਨਾ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕੀਤੀ ਸੀ। ਇਸ ਵਿੱਚ ਅਟਾਰੀ ਬਾਰਡਰ ਤੋਂ ਵਿਸ਼ਾਲ

ਸਾਈਕਲਿੰਗ ਰੈਲੀ ਹੋਵੇਗੀ ਜਿਸ ਵਿੱਚ ਯੋਗ, ਵਾਰਮ-ਅੱਪ ਡ੍ਰਿਲਸ ਅਤੇ ਭਾਈਚਾਰਕ ਸ਼ਮੂਲੀਅਤ ਸਰਗਰਮੀਆਂ ਸਮੇਤ ਫਿਟਨੈਸ ਪ੍ਰਦਰਸ਼ਨ ਹੋਣਗੇ, ਜੋ "ਫਿੱਟਨੈਸ ਕਾ ਡੋਜ਼ , ਆਧਾ ਘੰਟਾ ਰੋਜ਼" ਦੀ ਭਾਵਨਾ ਨੂੰ ਦਰਸਾਉਂਦੇ ਨੇ। -

---------------------------------------------------

ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਲਖਨਊ ਵਿਚ ਕਰਵਾਈ 86ਵੀਂ 'ਆਲ ਇੰਡੀਆ ਪ੍ਰੀਜ਼ਾਈਡਿੰਗ ਅਫਸਰ ਕਾਨਫਰੰਸ' ਵਿੱਚ ਹਿੱਸਾ ਲਿਆ। ਇਸ 3 ਰੋਜ਼ਾ ਕਾਨਫਰੰਸ ਵਿੱਚ ਸਾਰੇ ਦੇਸ਼ ਦੀਆਂ ਵਿਧਾਨ ਸਭਾਵਾਂ ਅਤੇ ਵਿਧਾਨ ਪ੍ਰੀਸ਼ਦਾਂ ਦੇ ਮੋਹਰੀ ਮੈਂਬਰਾਂ ਨੇ ਹਿੱਸਾ ਲਿਆ। ਕਾਨਫ਼ਰੰਸ ਦੌਰਾਨ ' ਸੁਚੱਜਾ ਪ੍ਰਸ਼ਾਸਨ', ਲੋਕਰਾਜੀ ਸੰਸਥਾਵਾਂ ਨੂੰ ਦਰਪੇਸ਼ ਚੁਣੌਤੀਆਂ ਅਤੇ ਵਿਧਾਨਕ ਕੰਮ-ਕਾਜ ਵਿੱਚ 'ਤਕਨਾਲੋਜੀ' ਦੀ ਵੱਧ ਰਹੀ ਵਰਤੋਂ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ।

---------------------------------------------------

ਮੌਸਮ ਵਿਭਾਗ ਨੇ ਅੱਜ ਪੰਜਾਬ, ਹਰਿਆਣਾ, ਚੰਡੀਗੜ੍ਹ ਅਤੇ ਦਿੱਲੀ ਵਿੱਚ ਸੰਘਣੀ ਤੋਂ ਬੇਹਦ ਸੰਘਣੀ ਧੁੰਦ ਲਈ ORANGE ALERT ਜਾਰੀ ਕੀਤਾ ਏ। ਮੌਸਮ ਏਜੰਸੀ IMD ਨੇ ਕੱਲ੍ਹ ਤੱਕ ਹਿਮਾਚਲ ਪ੍ਰਦੇਸ਼ ਵਿੱਚ ਵੱਖ-ਵੱਖ ਥਾਵਾਂ 'ਤੇ ਸੀਤ ਲਹਿਰ ਜਾਰੀ ਰਹਿਣ ਦੀ ਸੰਭਾਵਨਾ ਪ੍ਰਗਟ ਕੀਤੀ ਏ।